# ਅਕਸਰ ਪੁੱਛੇ ਜਾਣ ਵਾਲੇ ਸਵਾਲ

### *GO ਬਿਨ ਕਿਸ ਲਈ ਹੈ?*

GO ਦਾ ਅਰਥ ਹੈ "ਗਾਰਡਨ ਆਰਗੈਨਿਕਸ" ਸਮੱਗਰੀ। GO ਬਿਨ ਤੁਹਾਡੇ ਬਗੀਚੇ ਦੇ ਸਭ ਤਰ੍ਹਾਂ ਦੇ ਕੂੜੇ ਲਈ ਬਣਾਏ ਗਏ ਹਨ। ਇਹ ਜੈਵਿਕ ਕੂੜਾ ਹਰ ਪੰਦਰਵੇਂ ਦਿਨ ਇਕੱਠਾ ਕੀਤਾ ਜਾਂਦਾ ਹੈ ਅਤੇ ਇੱਕ ਸਥਾਨਕ ਕੰਪੋਸਟ ਬਣਾਉਣ ਵਾਲੀ ਜਗ੍ਹਾ 'ਤੇ ਕੰਪੋਸਟ ਖਾਦ ਵਿੱਚ ਬਦਲ ਦਿੱਤਾ ਜਾਂਦਾ ਹੈ। ਇਹ ਕੰਪੋਸਟ ਖਾਦ ਫਿਰ ਖੇਤੀਬਾੜੀ ਵਰਗੇ ਵੱਖ-ਵੱਖ ਢੰਗਾਂ ਰਾਹੀਂ ਵਾਤਾਵਰਣ ਵਿੱਚ ਵਾਪਸ ਭੇਜ ਦਿੱਤੀ ਜਾਂਦੀ ਹੈ।

### *ਕੌਂਸਲ GO ਬਿਨ ਸੇਵਾ ਨੂੰ ਕਦੋਂ ਵਧਾ ਰਹੀ ਹੈ?*

ਇਪਸਵਿੱਚ ਨੂੰ ਇਹ ਐਲਾਨ ਕਰਕੇ ਮਾਣ ਮਹਿਸੂਸ ਹੋ ਰਿਹਾ ਹੈ ਕਿ ਅਸੀਂ ਪੂਰੇ ਸ਼ਹਿਰ ਲਈ ਤਿੰਨ ਕੂੜੇਦਾਨਾਂ ਵਾਲੀ ਮੁੱਖ ਸੇਵਾ ਦੇ ਹਿੱਸੇ ਵਜੋਂ ਗਾਰਡਨ ਆਰਗੈਨਿਕਸ (GO) ਸਮੱਗਰੀ ਇਕੱਠਾ ਕਰਨ ਦੀ ਸੇਵਾ ਵੱਲ ਵੱਧ ਰਹੇ ਹਾਂ।

ਇਹ ਸ਼ਹਿਰ-ਵਿਆਪੀ GO ਬਿਨ ਸੇਵਾ 2025 ਦੇ ਮੱਧ ਵਿੱਚ ਸ਼ੁਰੂ ਹੋਣ ਦੀ ਉਮੀਦ ਹੈ। ਇਸ ਪਹਿਲਕਦਮੀ ਨੂੰ ਕੁਈਨਜ਼ਲੈਂਡ ਸਰਕਾਰ ਦੇ ਰੀਸਾਈਕਲਿੰਗ ਅਤੇ ਨੌਕਰੀਆਂ ਫ਼ੰਡ (Recycling and Jobs Fund) ਤੋਂ ਮਾਲੀ ਸਹਾਇਤਾ ਪ੍ਰਾਪਤ ਹੋਈ ਹੈ।

**English** – Scan the QR code for recycling information in your language

**Punjabi** – ਆਪਣੀ ਭਾਸ਼ਾ ਵਿੱਚ ਰੀਸਾਈਕਲਿੰਗ ਜਾਣਕਾਰੀ ਲੈਣ ਲਈ ਇਸ QR ਕੋਡ ਨੂੰ ਸਕੈਨ ਕਰੋ

**Samoan** – Scan le QR code mo faamatalaga mo le toe faaaogaina i lau gagana

**Vietnamese** – Hãy quét mã QR để xem thông tin về tái chế rác thải bằng ngôn ngữ của quý vị

**Swahili** – Changanua msimbo wa QR kupata maelezo ya kuchakata katika lugha yako

**Filipino (Tagalog)** – I-scan ang QR code para sa impormasyon tungkol sa recycling sa inyong wika

**Dinka (South Sudanese)** – Car kon QR ba lëk cë göt thuɔŋ du kueen

### *ਇਪਸਵਿੱਚ ਸ਼ਹਿਰ ਦੇ ਨਿਵਾਸੀ ਹੋਣ ਦੇ ਨਾਤੇ, ਮੇਰੇ ਵੱਡੇ ਆਕਾਰ ਵਾਲੇ ਸਮਾਨ ਦਾ ਨਿਪਟਾਰਾ ਕਿਵੇਂ ਹੋ ਸਕਦਾ ਹੈ?*


ਤੁਸੀਂ FLEXiSKiP ਬੈਗ ਅਤੇ ਕਲੈਕਸ਼ਨ ਦੀ ਬੇਨਤੀ ਕਰਕੇ ਆਪਣੇ ਵੱਡੇ ਘਰੇਲੂ ਸਮਾਨ ਦਾ ਨਿਪਟਾਰਾ ਕਰ ਸਕਦੇ ਹੋ (ਹਰ ਘਰ ਲਈ ਸਾਲ ਵਿੱਚ ਇੱਕ ਵਾਰ ਇਹ ਸੇਵਾ ਉਪਲਬਧ ਹੈ) । ਇਸ ਸੇਵਾ ਰਾਹੀਂ ਤੁਸੀਂ 165 ਕਿਲੋ ਤੱਕ ਦੇ ਘਰੇਲੂ ਸਮਾਨ ਦਾ ਨਿਪਟਾਰਾ ਕਰ ਸਕਦੇ ਹੋ, ਜਿਸ ਵਿੱਚ ਉਪਕਰਨ, ਕਾਰਪੇਟ, ਬਗੀਚੇ ਦਾ ਕੂੜਾ ਅਤੇ ਗੱਦੇ ਆਦਿ ਸ਼ਾਮਲ ਹਨ।



### *ਮੈਂ ਕਿਵੇਂ ਪਤਾ ਕਰਾਂ ਕਿ ਮੇਰੇ ਇਲਾਕੇ ਵਿੱਚ ਕਿਹੜਾ ਕੂੜੇਦਾਨ ਕਿਸ ਦਿਨ ਖ਼ਾਲੀ ਕੀਤਾ ਜਾਂਦਾ ਹੈ ਜਾਂ ਕਿਹੜਾ ਕੂੜੇਦਾਨ ਬਾਹਰ ਕੱਢਣਾ ਹੈ?*

Ipswich Bin App ਤੁਹਾਨੂੰ ਕੂੜੇਦਾਨ ਖ਼ਾਲੀ ਕੀਤੇ ਜਾਣ ਦੀ ਸਮਾਂ-ਸਾਰਣੀ ਦੀ ਜਾਣਕਾਰੀ ਦਿੰਦੀ ਹੈ, ਜਿਸ ਵਿੱਚ ਇਹ ਵੀ ਦੱਸਿਆ ਜਾਂਦਾ ਹੈ ਕਿ ਕਿਹੜੇ ਕੂੜੇਦਾਨ ਨੂੰ ਕਿਹੜੇ ਹਫ਼ਤੇ ਬਾਹਰ ਰੱਖਣਾ ਹੈ। ਇਸ ਐਪ ਵਿੱਚ ਆਮ ਕੂੜਾ ਸਮੱਗਰੀ ਦੀ ਸੂਚੀ ਵੀ ਦਿੱਤੀ ਗਈ ਹੈ ਅਤੇ ਇਹ ਵੀ ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਕਿਹੜੇ ਕੂੜੇਦਾਨ ਵਿੱਚ ਪਾਇਆ ਜਾਣਾ ਚਾਹੀਦਾ ਹੈ। ਇਹ ਐਪ App Store (ਐਪ ਸਟੋਰ) ਅਤੇ Google Play (ਗੂਗਲ ਪਲੇਅ) 'ਤੇ ਉਪਲਬਧ ਹੈ।

Ipswich BIN APP
RIGHT WASTE, RIGHT BIN, RIGHT DAY!




# ਆਓ ਇਸਨੂੰ ਛਾਂਟੀ ਕਰੀਏ!

## ਤੁਹਾਡੀ ਕਰਬਸਾਈਡ ਬਿਨ ਸੇਵਾ ਬਾਰੇ, ਜੋ ਕੁੱਝ ਵੀ ਤੁਹਾਨੂੰ ਜਾਣਨ ਦੀ ਲੋੜ ਹੈ – ਸਭ ਕੁੱਝ ਇੱਕ ਥਾਂ 'ਤੇ!



**ਹੋਰ ਜਾਣਕਾਰੀ ਲਈ Ipswich.qld.gov.au/waste 'ਤੇ ਜਾਓ ਜਾਂ (07) 3810 6666 'ਤੇ ਫ਼ੋਨ ਕਰੋ।**

**Ipswich.qld.gov.au/waste**

IPSWICH WASTE SERVICES | LET'S GET IT SORTED | ਇਸ ਪਹਿਲਕਦਮੀ ਨੂੰ **ਕੁਈਨਜ਼ਲੈਂਡ ਸਰਕਾਰ ਦੇ Recycling and Jobs Fund** ਵੱਲੋਂ ਸਹਾਇਤਾ ਪ੍ਰਾਪਤ ਹੈ | Queensland Government

## ਗਾਰਡਨ ਆਰਗੈਨਿਕਸ (ਬਗੀਚੇ ਦਾ ਕੂੜਾ)

**ਹਰ ਪੰਦਰਵੇਂ ਦਿਨ ਇਕੱਠਾ ਕੀਤਾ ਜਾਂਦਾ ਹੈ**
(ਰੀਸਾਇਕਲਿੰਗ ਬਿਨ ਨਾਲ ਵਾਰੀ ਬਦਲ–ਬਦਲ ਕੇ)

**ਹਰੇ ਢੱਕਣ ਵਾਲਾ ਕੂੜੇਦਾਨ**

ਤੁਹਾਡੇ **GO** ਬਿਨ ਵਿੱਚ ਕੀ-ਕੀ ਪਾਇਆ ਜਾ ਸਕਦਾ ਹੈ:

### GO ਗਾਰਡਨ ਆਰਗੈਨਿਕਸ (ਬਗੀਚੇ ਦਾ ਕੂੜਾ)

- ਕੱਟਿਆ ਹੋਇਆ ਘਾਹ
- ਟਾਹਣੀਆਂ, ਪੌਦਿਆਂ ਦੀ ਕਾਂਟ-ਛਾਂਟ
- ਪੱਤਿਆਂ ਅਤੇ ਟਾਹਣੀਆਂ ਦੇ ਟੁਕੜੇ
- ਖਜੂਰ ਦੇ ਪੱਤੇ
- ਨਦੀਨ

## ਰੀਸਾਈਕਲਿੰਗ

**ਹਰ ਪੰਦਰਵੇਂ ਦਿਨ ਇਕੱਠਾ ਕੀਤਾ ਜਾਂਦਾ ਹੈ**
(GO ਬਿਨ ਨਾਲ ਵਾਰੀ ਬਦਲਦੇ ਹੋਏ)

**ਪੀਲੇ ਢੱਕਣ ਵਾਲਾ ਬਿਨ**

ਤੁਹਾਡੇ **ਰੀਸਾਇਕਲਿੰਗ** ਬਿਨ ਵਿੱਚ ਕੀ-ਕੀ ਪਾਇਆ ਜਾ ਸਕਦਾ ਹੈ:

### ਰੀਸਾਈਕਲ 5

**ਕੱਚ**
ਜਾਰ ਜਾਂ ਬੋਤਲਾਂ

**ਧਾਤੂ**
ਐਲੂਮੀਨੀਅਮ ਅਤੇ ਸਟੀਲ (ਡਰਿੰਕ ਅਤੇ ਐਰੋਸੋਲ ਕੈਨ; ਭੋਜਨ ਵਾਲੇ ਟਿਨ)

**ਪਲਾਸਟਿਕ**
ਬੋਤਲਾਂ ਅਤੇ ਡੱਬੇ (ਦੁੱਧ, ਸਾਫਟ ਡਰਿੰਕ ਅਤੇ ਸ਼ੈਂਪੂ ਵਾਲੀਆਂ ਬੋਤਲਾਂ; ਦਹੀਂ ਅਤੇ ਆਈਸ-ਕ੍ਰੀਮ ਵਾਲੇ ਟੱਬ)

**ਗੱਤੇ**
ਪੀਜ਼ੇ ਵਾਲੇ ਡੱਬਿਆਂ ਸਮੇਤ ਡੱਬੇ

**ਕਾਗਜ਼**
ਅਖ਼ਬਾਰ, ਰਸਾਲੇ, ਫਾਲਤੂ ਡਾਕ ਅਤੇ ਦਫ਼ਤਰੀ ਕਾਗਜ਼-ਪੱਤਰ

**ਯਾਦ ਰੱਖੋ - ਇਸਨੂੰ ਖੁੱਲ੍ਹਾ ਹੀ ਬਿਨ ਵਿੱਚ ਪਾਓ, ਪਲਾਸਟਿਕ ਬੈਗ ਨਾ ਵਰਤੋ!**

## ਆਮ ਕੂੜਾ-ਕਰਕਟ

**ਹਰ ਹਫ਼ਤੇ ਇਕੱਠਾ ਕੀਤਾ ਜਾਂਦਾ ਹੈ**

**ਲਾਲ ਢੱਕਣ ਵਾਲਾ ਕੂੜੇਦਾਨ**

ਤੁਹਾਡੇ **ਆਮ ਕੂੜੇਦਾਨ** ਵਿੱਚ ਕੀ-ਕੀ ਪਾਇਆ ਜਾ ਸਕਦਾ ਹੈ:

- ਪਲਾਸਟਿਕ ਦੇ ਲਿਫ਼ਾਫ਼ੇ ਅਤੇ ਰੈਪਰ
- ਭੋਜਨ ਅਤੇ ਤਰਲ ਪਦਾਰਥ
- ਕੌਫ਼ੀ ਵਾਲੇ ਕੱਪ
- ਨਰਮ ਪਲਾਸਟਿਕ
- ਕੱਪੜੇ ਅਤੇ ਜੁੱਤੀਆਂ
- ਪੋਲੀਸਟੀਰੀਨ
- ਰੀਸਾਈਕਲ ਨਾ ਹੋਣ ਯੋਗ ਠੋਸ ਪਲਾਸਟਿਕ ਅਤੇ ਖਿਡੌਣੇ
- ਲੰਬੇ ਸਮੇਂ ਦੀ ਮਿਆਦ ਵਾਲੇ ਦੁੱਧ ਦੇ ਡੱਬੇ ਅਤੇ ਜੂਸ ਦੇ ਟੈਟਰਾ ਪੈਕ
- ਪਾਣੀ ਪੀਣ ਵਾਲੇ ਗਲਾਸ ਅਤੇ ਹੋਰ ਕੱਚ ਦੇ ਭਾਂਡੇ

ਘਰੇਲੂ ਖ਼ਤਰਨਾਕ ਕੂੜਾ, ਜਿਸ ਵਿੱਚ ਨਿਰਮਾਣ ਸਮੱਗਰੀ ਦਾ ਕੂੜਾ, ਰਸਾਇਣ/ਵਿਸਫੋਟਕ ਪਦਾਰਥ, ਬੈਟਰੀਆਂ (ਉਹਨਾਂ ਯੰਤਰਾਂ ਸਮੇਤ ਜਿਨ੍ਹਾਂ ਵਿੱਚ ਬੈਟਰੀਆਂ ਹੁੰਦੀਆਂ ਹਨ ਜਿਵੇਂ ਕਿ ਖਿਡੌਣੇ, ਤਾਰ ਰਹਿਤ ਵੈਕਿਊਮ ਅਤੇ ਔਜ਼ਾਰ) ਅਤੇ ਇਲੈਕਟ੍ਰਾਨਿਕ ਕੂੜਾ ਸ਼ਾਮਲ ਹੈ, ਜਿਸਨੂੰ ਕਰਬਸਾਈਡ ਕੂੜੇਦਾਨ ਵਿੱਚ ਨਹੀਂ ਪਾਇਆ ਜਾਣਾ ਚਾਹੀਦਾ ਹੈ। ਇਹਨਾਂ ਚੀਜ਼ਾਂ ਦੇ ਨਿਪਟਾਰੇ ਬਾਰੇ ਜਾਣਕਾਰੀ ਲੈਣ ਲਈ **Ipswich.qld.gov.au/hazardouswaste** 'ਤੇ ਜਾਓ।